**ਪੰਜਾਬੀ ਯੂਨੀਵਰਸਿਟੀ, ਪਟਿਆਲਾ**

**(1961 ਦੇ ਪੰਜਾਬ ਐਕਟ ਨੰ.35 ਤਹਿਤ ਸਥਾਪਤ)**

**ਦਫ਼ਤਰ: ਡਾਇਰੈਕਟੋਰੇਟ ਆਫ਼ ਸਪੋਰਟਸ**

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ 61ਵੀਂ ਸਾਲਾਨਾ ਐਥਲੈਟਿਕ ਮੀਟ

**26 ਤੋਂ 28 ਨਵੰਬਰ, 2024, ਸਿੰਥੈਟਿਕ ਐਥਲੈਟਿਕ ਟਰੈਕ, ਪੰਜਾਬੀ ਯੂਨੀਵਰਸਿਟੀ ਕੈਂਪਸ, ਪਟਿਆਲਾ**

**ਨੋਟ: ਕਿਰਪਾ ਕਰਕੇ ਇਸ ਪੱਤਰ ਵਿਚ ਦਿੱਤੀ ਸੂਚਨਾ/ਹਦਾਇਤਾਂ ਬਾਰੇ ਸਬੰਧਤ ਟੀਮ ਇੰਚਾਰਜ਼ ਅਤੇ ਐਥਲੀਟਾਂ ਨੂੰ ਨੋਟ ਕਰਵਾਉਣ ਦੀ ਕ੍ਰਿਪਾਲਤਾ ਕਰਨੀ ਜੀ।**

NO.:ATH-MEET/2024-25/DS
DATED: 04/11/2024

ਪ੍ਰਿੰਸੀਪਲ ਸਾਹਿਬਾਨ ਜੀਓ
ਸਮੂਹ ਸੰਬੰਧਿਤ ਕਾਲਜਿਜ਼

SUB: RE-SCHEDULE OF DATES OF ANNUAL ATHLETIC MEET –REG.
REFER TO THE E.MAIL OF DATED 25.10.2024 REG.

ਆਪ ਜੀ ਦੀ ਜਾਣਕਾਰੀ ਹਿੱਤ ਦੱਸਿਆ ਜਾਂਦਾ ਹੈ ਕਿ ਕੁਝ ਤਕਨੀਕੀ ਕਾਰਣਾਂ ਕਰਕੇ ਖੇਡ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ **61ਵੀਂ ਸਾਲਾਨਾ ਐਥਲੈਟਿਕ ਮੀਟ** ਦੀਆਂ ਮਿਤੀਆਂ ਵਿਚ ਹੇਠ ਲਿਖੇ ਅਨੁਸਾਰ ਤਬਦੀਲੀ ਕੀਤੀ ਜਾ ਰਹੀ ਹੈ।

| ਮੁਕਾਬਲਿਆਂ ਦੀਆਂ ਮਿਤੀਆਂ | ਡਿਟੇਲ ਐਂਟਰੀ ਫਾਰਮ ਭੇਜਣ ਦੀ ਆਖਰੀ ਮਿਤੀ |
|---|---|
| **26, 27 ਅਤੇ 28 ਨਵੰਬਰ, 2024** | **13 ਨਵੰਬਰ, 2024** |

**ਸਾਰੇ ਪੁਰਸ਼ ਅਤੇ ਮਹਿਲਾ ਟੀਮਾਂ/ਐਥਲੀਟਾਂ ਦਾ DETAIL ENTRY FORM ਮਿਤੀ 13.11.2024 ਤੱਕ ਵਿਭਾਗ ਦੀ ਈ.ਮੇਲ. dirsports@pbi.ac.in ਤੇ ਪੁੱਜ ਜਾਣੇ ਚਾਹੀਦੇ ਹਨ ਤਾਂ ਜੋ ਸਮੇਂ ਸਿਰ ਚੈਸਟ ਨੰਬਰ, ਹੀਟਾਂ ਅਤੇ ਸਕੌਰ ਸ਼ੀਟਾਂ ਆਦਿ ਬਣਾ /ਤਿਆਰ ਕਰ ਲਈਆਂ ਜਾਣ। ਮਿਤੀ 13.11.2024 ਤੋਂ ਬਾਅਦ ਕੋਈ ਵੀ ਖੇਡ ਯੋਗਤਾ ਪ੍ਰੋਫਾਰਮਾ, ਰਜਿਸਟ੍ਰੇਸ਼ਨ ਫਾਰਮ, ਡਿਟੇਲ ਐਂਟਰੀ ਫਾਰਮ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਨਾਂ ਹੀ ਕੋਈ ਤਬਦੀਲੀ ਕੀਤੀ ਜਾਵੇਗੀ।**

**ਖੇਡਣ ਯੋਗਤਾ ਪ੍ਰੋਫਾਰਮਾ ਅਤੇ ਰਜਿਸਟ੍ਰੇਸ਼ਨ ਫਾਰਮ ਟੀਮ ਇੰਚਾਰਜ਼ ਵੱਲੋਂ ਵਿਭਾਗ ਵਿਖੇ ਚੈਂਸਟ ਨੰਬਰ ਪ੍ਰਾਪਤ ਕਰਨ ਦੌਰਾਨ ਸਬੰਧਤ ਕਮੇਟੀ ਨੂੰ ਜਮ੍ਹਾਂ ਕਰਵਾਏ ਜਾਣਗੇ।** ਹਰੇਕ ਈਵੈਂਟ ਵਿੱਚ ਇਕ ਕਾਲਜ ਵੱਲੋਂ ਦੋ ਐਥਲੀਟਾਂ ਦੀ ਐਂਟਰੀ ਭੇਜੀ ਜਾ ਸਕਦੀ ਹੈ ਅਤੇ ਇਕ ਰਿਜ਼ਰਵ ਐਥਲੀਟ ਭੇਜਿਆ ਜਾ ਸਕਦਾ ਹੈ। ਜੇਕਰ ਕਿਸੇ ਈਵੈਂਟ ਵਿੱਚ ਦੋ ਤੋਂ ਵੱਧ ਐਂਟਰੀਆਂ ਹੋਣਗੀਆਂ ਤਾਂ ਪਹਿਲੀਆਂ ਦੋ ਐਂਟਰੀਆਂ ਰੱਖ ਕੇ ਬਾਕੀ ਐਂਟਰੀਆਂ ਮਨਸੂਖ ਕਰ ਦਿੱਤੀਆਂ ਜਾਣਗੀਆਂ। ਇੱਕ ਐਥਲੀਟ ਕੇਵਲ ਦੋ ਈਵੈਂਟ ਅਤੇ ਇੱਕ ਰਿਲੇਅ ਦੌੜ ਅਤੇ ਇਕ ਮਿਕਸਡ ਰਿਲੇਅ ਈਵੈਂਟ ਵਿੱਚ ਭਾਗ ਲੈ ਸਕਦਾ ਹੈ।

ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ ਅੰਤਰਵਰਸਿਟੀ ਮੁਕਾਬਲਿਆਂ ਵਿਚ ਵਧੀਆ ਨਤੀਜੇ ਪ੍ਰਾਪਤ ਕਰਨ ਲਈ ਪਿਛਲੇ ਸਾਲ ਦੇ ਅੰਤਰਵਰਸਿਟੀ ਨਤੀਜਿਆਂ ਦੇ ਆਧਾਰ ਤੇ ਨਵੇਂ ਸੈਸ਼ਨ ਦੀ ਟੀਮ ਦੀ ਤਿਆਰੀ ਲਈ ਨਿਰਧਾਰਿਤ ਮਾਪਦੰਡ/ਕੁਆਲੀਫਾਇੰਗ ਸਟੈਂਡਰਡ ਅਨੁਸਾਰ ਹੀ ਖਿਡਾਰੀਆਂ ਨੂੰ ਐਥਲੈਟਿਕ ਮੀਟ ਵਿਚ ਭਾਗ ਲੈਣ ਲਈ ਚੁਣਿਆ ਜਾਂਦਾ ਹੈ। ਇਸ ਲਈ **ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵਿਭਾਗ ਵੱਲੋਂ ਭੇਜੇ ਗਏ ਕੁਆਲੀਫਾਇੰਗ ਸਟੈਂਡਰਡ ਮੁਤਾਬਕ ਹੀ ਖਿਡਾਰੀਆਂ ਦੀ ਚੋਣ ਕਰਕੇ ਉਹਨਾਂ ਨੂੰ ਐਥਲੈਟਿਕ ਮੀਟ ਲਈ ਭੇਜਣਾ ਯਕੀਨੀ ਬਣਾਇਆ ਜਾਵੇ** ਤਾਂ ਜੋ ਪੰਜਾਬੀ ਯੂਨੀਵਰਸਿਟੀ ਦੇ ਖਿਡਾਰੀ ਅੰਤਰਵਰਸਿਟੀ ਮੁਕਾਬਲਿਆਂ ਵਿਚ ਵੱਧ ਤੋਂ ਵੱਧ ਮੈਡਲ ਪ੍ਰਾਪਤ ਕਰ ਸਕਣ ਜੀ। ਇਸਦੇ ਨਾਲ ਹੀ ਇਹ ਵੀ ਵੇਖਣ ਵਿਚ ਆਇਆ ਹੈ ਕਿ ਕਈ ਕਾਲਜਾਂ ਦੇ ਖਿਡਾਰੀ, ਜਿਹਨਾਂ ਦਾ ਨਾਮ ਡਿਟੇਲ ਐਂਟਰੀ ਵਿਚ ਦਰਜ ਹੁੰਦਾ ਹੈ, ਉਹ ਮੌਕੇ ਤੇ ਭਾਗ ਲੈਣ ਨਹੀਂ ਆਉਂਦੇ, ਜਿਸ ਕਰਕੇ ਵਿਭਾਗ ਦਾ ਬਹੁਤ ਸਾਰਾ ਸਮਾਂ/ਸਟੇਸ਼ਨਰੀ ਆਦਿ ਨਸ਼ਟ ਹੁੰਦੀ ਹੈ। ਇਸ ਲਈ **ਆਪ ਜੀ ਵੱਲੋਂ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਜਿਹਨਾਂ ਖਿਡਾਰੀਆਂ ਦੀ ਡਿਟੇਲ ਐਂਟਰੀ ਵਿਭਾਗ ਨੂੰ ਭੇਜੀ ਗਈ ਹੈ, ਉਹ ਸਾਰੇ ਹੀ ਖਿਡਾਰੀ ਸੰਬੰਧਿਤ ਈਵੈਂਟਾਂ ਵਿਚ ਲਾਜ਼ਮੀ ਭਾਗ ਲੈਣ ਜੀ।**

**ਜ਼ਰੂਰੀ ਹਦਾਇਤਾਂ:**

1. ਖਿਡਾਰੀਆਂ ਦੇ **ਚੈਸਟ ਨੰਬਰ ਮਿਤੀ 25.11.2024 ਨੂੰ ਸੰਬੰਧਿਤ ਟੀਮਾਂ ਦੇ ਇੰਚਾਰਜ਼/ਪ੍ਰੋਫੈਸਰ ਫਿਜ਼ੀਕਲ ਐਜੂਕੇਸ਼ਨ ਨੂੰ ਬਾਅਦ ਦੁਪਹਿਰ 2.00 ਵਜੇ ਤੋਂ 5.00 ਵਜੇ ਤੱਕ ਦਿੱਤੇ ਜਾਣਗੇ**।
2. ਐਥਲੈਟਿਕ ਮੀਟ ਦਾ ਉਦਘਾਟਨ ਮਾਣਯੋਗ ਵਾਈਸ ਚਾਂਸਲਰ ਸਾਹਿਬ ਵੱਲੋਂ ਕੀਤਾ ਜਾਵੇਗਾ। ਇਸ ਲਈ ਉਦਘਾਟਨੀ ਸਮਾਰੋਹ ਦੌਰਾਨ **ਟੀਮਾਂ ਦਾ ਮਾਰਚ ਪਾਸਟ ਵੀ ਕਰਵਾਇਆ ਜਾਵੇਗਾ**। ਸਮੂਹ ਟੀਮਾਂ ਦਾ **ਮਾਰਚ ਪਾਸਟ ਵਿਚ ਹਿੱਸਾ ਲੈਣਾ ਲਾਜ਼ਮੀ** ਹੈ। ਟੀਮ ਇੰਚਾਰਜ਼ ਦਾ ਮਾਰਚ ਪਾਸਟ ਮੌਕੇ ਹਾਜ਼ਰ ਹੋਣਾ ਲਾਜ਼ਮੀ ਹੈ ਅਤੇ ਉਹਨਾਂ ਵੱਲੋਂ ਆਪਣੇ **ਕਾਲਜ ਦਾ ਝੰਡਾ ਨਾਲ ਲਿਆਉਣਾ ਯਕੀਨੀ ਬਣਾਇਆ ਜਾਵੇ** ਜੀ।

3. ਰਿਹਾਇਸ਼ ਕਮੇਟੀ ਵੱਲੋਂ ਮੁਕਾਬਲਿਆਂ ਲਈ ਰਿਪੋਰਟ ਕਰਨ ਵਾਲੀਆਂ **ਟੀਮਾਂ/ਖਿਡਾਰੀਆਂ ਨੂੰ ਰਿਹਾਇਸ਼ ਕੇਵਲ ਮਿਤੀ 25.11.2024 ਨੂੰ ਬਾਅਦ ਦੁਪਹਿਰ 2.00 ਵਜੇ ਤੋਂ 5.00 ਵਜੇ ਤੱਕ ਦੇ ਸਮੇਂ ਦਰਮਿਆਨ ਹੀ ਮੁਹੱਈਆ ਕਰਵਾਈ ਜਾਵੇਗੀ।**
4. ਟੀਮਾਂ ਲੋੜ ਅਨੁਸਾਰ ਆਪਣੇ ਬਿਸਤਰੇ ਆਦਿ ਨਾਲ ਲੈ ਕੇ ਆਉਣਾ ਯਕੀਨੀ ਬਨਾਉਣ।
5. ਹਰੇਕ ਕਾਲਜ ਦੇ ਟੀਮ ਇੰਚਾਰਜ਼ ਦੀ ਨਿੱਜੀ ਜਿੰਮੇਵਾਰੀ ਹੋਵੇਗੀ ਕਿ ਉਹਨਾਂ ਦੀ ਟੀਮ ਦੇ ਕਿਸੇ ਵੀ ਖਿਡਾਰੀ ਵੱਲੋਂ ਕਿਸੇ ਵੀ ਤਰ੍ਹਾਂ ਦੀ ਇਤਰਾਜ ਯੋਗ ਦਵਾਈ ਆਦਿ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਖਿਡਾਰੀਆਂ ਦੇ ਕਿੱਟ ਬੈਗ ਆਦਿ ਕਿਸੇ ਵੀ ਸਮੇਂ ਚੈੱਕ ਕੀਤੇ ਜਾ ਸਕਦੇ ਹਨ। ਜੇਕਰ ਕਿਸੇ ਖਿਡਾਰੀ ਪਾਸੋਂ ਇਤਰਾਜ਼ ਯੋਗ ਦਵਾਈ, ਟੀਕਾ, ਸਰਿੰਜ ਆਦਿ ਪਾਈ ਜਾਂਦੀ ਹੈ ਤਾਂ ਉਸ ਉੱਪਰ ਬਣਦੀ ਯੋਗ ਕਾਰਵਾਈ ਕੀਤੀ ਜਾਵੇਗੀ ਅਤੇ ਸਬੰਧਤ ਕਾਲਜ ਦੀ ਟੀਮ ਵੀ ਸਕਰੈਚ ਕੀਤੀ ਜਾ ਸਕਦੀ ਹੈ।

**ਵਿਸ਼ੇਸ਼ ਧਿਆਨ ਯੋਗ ਹਦਾਇਤਾਂ:**

1. ਯੋਗਤਾ ਪ੍ਰੋਫਾਰਮੇ ਅੰਗਰੇਜ਼ੀ ਅਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿੱਚ ਭਰੇ ਜਾਣ।
2. ਪਹਿਲੇ ਦਿਨ ਭਾਵ ਮਿਤੀ 26.11.2024 ਦੇ ਈਵੈਂਟਸ ਸਵੇਰੇ 07.45 ਵਜੇ ਸ਼ੁਰੂ ਹੋਣਗੇ।
3. ਸਾਰੇ ਐਥਲੀਟਾਂ ਕੋਲ ਪ੍ਰਿੰਸੀਪਲ ਵੱਲੋਂ ਤਸਦੀਕਸ਼ੁਦਾ, ਕਾਲਜ ਦਾ ਸ਼ਨਾਖਤੀ ਕਾਰਡ ਹੋਣਾ ਲਾਜ਼ਮੀ ਹੈ।
4. ਸਾਰੇ ਐਥਲੀਟਾਂ ਦਾ ਆਪਣੇ ਅਸਲ ਅਕਾਦਮਿਕ ਸਰਟੀਫਿਕੇਟਸ ਨਾਲ ਲੈ ਕੇ ਆਉਣੇ ਲਾਜ਼ਮੀ ਹਨ।
5. ਸਾਰੇ ਖਿਡਾਰੀ ਪੂਰੀ ਕਿੱਟ ਵਿੱਚ ਹੋਣੇ ਚਾਹੀਦੇ ਹਨ, ਇਸ ਤੋਂ ਬਿਨਾਂ ਕਿਸੇ ਖਿਡਾਰੀ ਨੂੰ ਮੁਕਾਬਲਿਆਂ ਵਿੱਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ।
6. ਖਿਡਾਰੀ ਅਤੇ ਖਿਡਾਰਣਾਂ ਦੇ ਨਾਲ ਕਾਲਜ ਦੇ ਇੰਚਾਰਜ਼ ਦਾ ਹੋਣਾ ਲਾਜ਼ਮੀ ਹੈ।
7. ਭਾਗ ਲੈਣ ਵਾਲੀਆਂ ਟੀਮਾਂ/ਖਿਡਾਰੀਆਂ ਦਾ ਰਜਿਸਟ੍ਰੇਸ਼ਨ ਫਾਰਮ ਭਰ ਕੇ ਯੋਗਤਾ ਪ੍ਰੋਫਾਰਮੇ ਦੇ ਨਾਲ ਲਿਆਉਣਾ ਲਾਜ਼ਮੀ ਹੈ। ਫਾਰਮ ਤੇ ਖਿਡਾਰੀ ਅਤੇ ਸੰਬੰਧਿਤ ਪ੍ਰੋ./ਟੀਮ ਇੰਚਾਰਜ਼ ਦੇ ਹਸਤਾਖਰ ਹੋਣੇ ਜ਼ਰੂਰੀ ਹਨ। ਰਜਿਸਟ੍ਰੇਸ਼ਨ ਫਾਰਮ ਅਤੇ ਇਸ ਵਿੱਚ ਲਗਾਈ ਗਈ ਹਰੇਕ ਫੋਟੋ ਵੀ ਸੰਬੰਧਿਤ ਕਾਲਜ ਦੇ ਪ੍ਰਿੰਸੀਪਲ ਸਾਹਿਬ ਪਾਸੋਂ ਤਸਦੀਕ ਕਰਵਾ ਕੇ ਨਾਲ ਲਿਆਉਣੀ ਲਾਜ਼ਮੀ ਹੈ। ਰਜਿਸਟ੍ਰੇਸ਼ਨ ਫਾਰਮ ਅਤੇ ਯੋਗਤਾ ਪ੍ਰੋਫਾਰਮੇ ਤੋਂ ਬਿਨਾਂ ਖਿਡਾਰੀਆਂ ਨੂੰ ਐਥਲੈਟਿਕ ਮੀਟ ਵਿੱਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ।

**ਨੱਥੀ/ਡਿਟੇਲ ਐਂਟਰੀ ਪ੍ਰੋਫਾਰਮਾ, ਰਜਿਸਟ੍ਰੇਸ਼ਨ ਫਾਰਮ, ਯੋਗਤਾ ਫਾਰਮ ਅਤੇ ਕੁਆਲੀਫਾਇੰਗ ਸਟੈਂਡਰਡ**

-ਸਹੀ/-
ਡਾਇਰੈਕਟਰ ਸਪੋਰਟਸ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਦੀ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ ਹੈ ਜੀ;

1. ਸਬੰਧਤ ਅਧਿਕਾਰੀ/ਕੋਚ/ਇੰਸਟ੍ਰਕਟਰਜ਼/ਖੇਡ ਇੰਚਾਰਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ
2. ਸਮੂਹ ਗਰਾਉਂਡ ਸਟਾਫ਼ – ਟਰੈਕ ਨਾਲ ਸਬੰਧਤ ਲੋੜੀਂਦੇ ਕੰਮਕਾਜ ਸਮੇਂ ਸਿਰ ਮੁਕੰਮਲ ਕਰਨ ਸਬੰਧੀ।

QUALIFYING STANDARD FOR 61ST ANNUAL ATHLETIC MEET (2024-25)

26TH TO 28TH NOVEMBER, 2024

| S.No. | EVENT(S) | MEN | WOMEN |
|---|---|---|---|
| 1. | 100 Meters | 12.50 Sec | 14.00 sec. |
| 2. | 200 Meters | 24.87 sec. | 30.00 sec. |
| 3. | 400 Meters | 52.00 sec. | 1:10.00 sec. |
| 4. | 800 Meters | 2:00.00 sec. | 2:55.00 sec. |
| 5. | 1500 Meters | 5:15.00 sec. | 6:20.00 sec. |
| 6. | 5000 Meters | 20:50.00 sec. | 27:50.00 sec. |
| 7. | 10000 Meters | 40:20.00 sec. | 46:15.00 sec. |
| 8. | 110 M. Hurdles | 19.09 sec. | - |
| 9. | 100 M. Hurdles | - | 25.00 sec. |
| 10. | 400 M. Hurdles | 1:20.00 sec. | 1:40.00 sec. |
| 11. | 20 K.M. Walk | 1:46:00.00 sec. | 2:05:00.00 sec. |
| 12. | 3000 M. Steeple Chase | 13:50.00 sec. | 15:20.00 sec. |
| 13. | Long Jump | 4.00 mtr. | 3.15 mtr. |
| 14. | Triple Jump | 10.00 mtr. | 8.00 mtr. |
| 15. | High Jump | 1.40 mtr. | 1.20 mtr. |
| 16. | Pole Vault | 3.00 mtr. | 2.00 mtr. |
| 17. | Shot Put | 10.00 mtr. | 7.00 mtr. |
| 18. | Hammer Throw | 30.00 mtr. | 25.00 mtr. |
| 19. | Discus Throw | 30.00 mtr. | 25.00 mtr. |
| 20. | Javelin Throw | 40.00 mtr. | 25.00 mtr. |
| 21. | Decathlon | 3000 points | - |
| 22. | Heptathlon | - | 2000 points |
| 23. | Marathon | 3:20.00.00 sec | 4:50:00.00 sec |

NOTE: All the Colleges are advised to please stick to the above said qualifying standards.

-Sd/-

Director Sports